# Vancouver Board of Education

School District No. 39

OFFICE OF THE SUPERINTENDENT
1580 West Broadway
Vancouver, B.C. V6J 5K8
Telephone: 604-713-5000
Fax: 604-713-5412


6 ਜਨਵਰੀ, 2017

ਗਰੇਡ 4 ਅਤੇ 7 ਦੇ ਵਿਦਿਆਰਥੀਆਂ ਦੇ ਮਾਪਿਆਂ ਅਤੇ ਗਾਰਡੀਅਨਾਂ ਲਈ

ਫਾਉਂਡੇਸ਼ਨ ਸਕਿਲਜ਼ ਅਸੈੱਸਮੈਂਟ (ਐੱਫ ਐੱਸ ਏ) ਇਕ ਸਾਲਾਨਾ ਮੁਲਾਂਕਣ ਹੈ ਜੋ ਸਾਰੇ ਬਰੀਟਿਸ਼ ਕਲੰਬੀਆ ਦੇ 4 ਤੋਂ 7 ਜਮਾਤਾਂ ਵਿਚ ਜਨਵਰੀ 9 ਅਤੇ ਫਰਵਰੀ 17, 2017 ਦੌਰਾਨ ਸਚੰਲਤ ਕੀਤਾ ਜਾਵੇਗਾ। ਐੱਫ ਐੱਸ ਏ ਬਾਰੇ ਮੁਡਲੀ ਜਾਣਕਾਰੀ ਇਸ ਪਤੱਰ ਦੇ ਪਿਛਲੇ ਪਾਸੇ ਦੇਖ ਸਕਦੇ ਹੋ। ਵਿਸਤ੍ਰਿਤ ਜਾਣਕਾਰੀ ਲਈ, ਮਨਿਸਟਰੀ ਆਫ ਐਜੂਕੇਸ਼ਨ ਪਰੋਵਿਸ਼ਲ ਵੈਬਸਾਈਟ (http://www.bced.gov.bc.ca/assessment/fsa/info/welcome.htm) ਵੇਖੋ। ਇਸ ਵੈਬਸਾਈਟ ਤੇ ਇਸ ਅਸੈੱਸਮੈਂਟ ਦੇ ਸਾਰੇ ਪਹਿਲੁਆਂ ਬਾਰੇ ਸਾਰੀ ਜਾਣਕਾਰੀ, ਇਸ ਦੀ ਵਰਤੋਂ ਅਤੇ ਅਭਿਆਸ ਲਈ ਟੈਸਟ ਉਪਲੱਬਦ ਹੱਨ।

ਮਨਿਸਟਰੀ ਆਫ ਐਜੂਕੇਸ਼ਨ ਉਮੀਦ ਕਰਦੀ ਹੈ ਕਿ ਇਸ ਅਸੈੱਸਮੈਂਟ ਵਿਚ ਸਾਰੇ ਵਿਦਿਆਰਥੀ ਹਿਸਾ ਲੈਣ। ਇਹਨਾਂ ਨਤੀਜਿਆਂ ਨੂੰ ਇੱਕ-ਇੱਕ ਵਿਦਿਆਰਥੀ ਦਾ ਮੁਲਾਂਕਣ ਕਰਨ ਲਈ ਨਹੀਂ ਵਰਤਿਆ ਜਾਂਦਾ, ਪਰੰਤੂ ਇਹ ਇੱਕ ਐਸਾ ਸਾਧਨ ਹੈ ਜਿਸ ਰਾਹੀਂ ਬੀ ਸੀ ਦੇ ਸਾਰੇ ਵਿਦਿਆਰਥੀਆਂ ਦੀ ਪੜ੍ਹਾਈ ਦੇ ਲੈਵਲ ਦਾ ਸਾਰ ਪ੍ਰਾਪਤ ਹੁੰਦਾ ਹੈ। ਪਰਿਵਾਰਕ ਐਮਰਜੰਸੀ, ਲੰਬੀ ਬੀਮਾਰੀ, ਜਾਂ ਹੋਰ ਵਾਜਬ ਹਾਲਤਾਂ ਜਿਵੇਂ ਕਿ ਘੱਟ ਅੰਗਰੇਜ਼ੀ ਸਮਝਣਾਂ ਜਾਂ ਪੜ੍ਹਾਈ ਸਬੰਧਿਤ ਮੁਸ਼ਕਲਾਂ ਕਰਕੇ ਕਿਸੇ ਵਿਦਿਆਰਥੀ ਨੂੰ ਐੱਫ ਐੱਸ ਏ ਵਿਚ ਹਿੱਸਾ ਲੈਣ ਤੋਂ ਛੋਟ ਦਿੱਤੀ ਜਾ ਸਕਦੀ ਹੈ।

ਤੁਹਾਨੂੰ ਐੱਫ ਐੱਸ ਏ ਬਾਰੇ ਤੁਆਡੇ ਬੱਚੇ ਦੀ ਕਲਾਸ ਦੇ ਅਧਿਆਪਕ ਵੱਲੋਂ ਇੱਕ ਪੱਤਰ ਆ ਸਕਦਾ ਹੈ ਜਿਸ ਵਿੱਚ ਉਹਨਾਂ ਦੇ ਐੱਫ ਐੱਸ ਏ ਬਾਰੇ ਕੁੱਝ ਚਿੰਤਾਵਾਂ ਦਾ ਪ੍ਰਗਟਾਵਾ ਕੀਤਾ ਹੈ। ਹੋ ਸਕਦਾ ਹੈ ਕਿ ਤੁਹਾਨੂੰ ਬੀ ਸੀ ਟੀਚਰਜ਼ ਫੈਡਰੇਸ਼ਨ (ਬੀ ਸੀ ਟੀ ਐਫ) ਵਲੋਂ ਵੀ ਐੱਫ ਐੱਸ ਏ ਬਾਰੇ ਹੋਰ ਜਾਣਕਾਰੀ ਭੇਜੀ ਜਾਵੇ ਕਿਉਂਕਿ ਬੀ ਸੀ ਟੀ ਐਫ ਇਹਨਾਂ ਅਸੈੱਸਮੈਂਟਾਂ ਦਾ ਵਿਰੋਧ ਕਰਦੇ ਹਨ।

ਉਪਰ ਲਿਖੀ ਜਾਣਕਾਰੀ ਨਾਲ ਸੰਬੰਧਿਤ ਜੇ ਤੁਹਾਡੇ ਕੋਈ ਸਵਾਲ ਹੋਣ ਜਾਂ ਤੁਸੀਂ ਕੋਈ ਨੁਕਤਾ ਉਠਾਉਣਾ ਚਾਹੁੰਦੇ ਹੋਵੋ ਤਾਂ ਇਸ ਬਾਰੇ ਸਕੂਲ ਦੇ ਪ੍ਰਿੰਸੀਪਲ ਜਾਂ ਵਾਈਸ ਪ੍ਰਿੰਸੀਪਲ ਨਾਲ ਗੱਲ ਕਰੋ।

ਸ਼ੁਭਚਿੰਤਕ,

J. Lewis

ਜੌਨ ਲੂਅਸ
ਸਕੂਲਾਂ ਦੇ ਸੁਪਰੀਟੈਂਡੰਟ (ਐਕਟਿੰਗ)

ਸੀ ਸੀ: ਓਫੀਸ਼ਲ ਟਰੱਸਟੀ, ਡਾਇਐਨ ਟਰਨਰ